# India-EU Consultations on Disarmament and Non-proliferation

February 10, 2022

---

## ਨਿਹੱਥਾਕਰਨ ਅਤੇ ਗ਼ੈਰ-ਪ੍ਰਸਾਰ ਬਾਰੇ ਭਾਰਤ ਅਤੇ ਯੂਰਪੀ ਸੰਘ ਦਰਮਿਆਨ ਸਲਾਹ-ਮਸ਼ਵਰੇ

**10 ਫਰਵਰੀ, 2022**

ਨਿਹੱਥਾਕਰਨ ਅਤੇ ਗ਼ੈਰ-ਪ੍ਰਸਾਰ ਬਾਰੇ ਭਾਰਤ ਅਤੇ ਯੂਰਪੀ ਸੰਘ ਦਰਮਿਆਨ ਸਲਾਹ-ਮਸ਼ਵਰੇ ਦਾ ਸੱਤਵਾਂ ਗੇੜ 10 ਫਰਵਰੀ 2022 ਨੂੰ ਵਰਚੁਅਲ ਫਾਰਮੈਟ ਵਿੱਚ ਹੋਇਆ। ਵਫ਼ਦਾਂ ਦੀ ਅਗਵਾਈ ਭਾਰਤੀ ਵਿਦੇਸ਼ ਮੰਤਰਾਲੇ ਅੰਦਰ ਨਿਹੱਥਾਕਰਨ ਅਤੇ ਅੰਤਰਰਾਸ਼ਟਰੀ ਸੁਰੱਖਿਆ ਮਾਮਲਿਆਂ ਦੇ ਸਾਂਝਾ ਸਕੱਤਰ ਅਤੇ ਯੂਰਪੀ ਸੰਘ ਦੇ ਨਿਹੱਥਾਕਰਨ ਅਤੇ ਗ਼ੈਰ-ਪ੍ਰਸਾਰ ਬਾਰੇ ਵਿਸ਼ੇਸ਼ ਦੂਤ ਅਤੇ ਯੂਰਪੀ ਬਾਹਰੀ ਕਾਰਵਾਈ ਸੇਵਾ ਵਿੱਚ ਨਿਹੱਥਾਕਰਨ, ਗ਼ੈਰ-ਪ੍ਰਸਾਰ ਅਤੇ ਹਥਿਆਰ ਨਿਰਯਾਤ ਨਿਯੰਤਰਣ ਦੇ ਮੁਖੀ ਨੇ ਕੀਤੀ।

ਦੋਵਾਂ ਧਿਰਾਂ ਨੇ ਪ੍ਰਮਾਣੂ, ਰਸਾਇਣਕ ਅਤੇ ਜੈਵਿਕ ਖੇਤਰਾਂ, ਬਾਹਰੀ ਪੁਲਾੜ ਬਾਰੇ ਮੁੱਦਿਆਂ, ਰਵਾਇਤੀ ਹਥਿਆਰਾਂ ਅਤੇ ਰਣਨੀਤਕ ਨਿਰਯਾਤ ਨਿਯੰਤਰਣ ਨਾਲ ਸਬੰਧਤ ਨਿਹੱਥਾਕਰਨ ਅਤੇ ਗ਼ੈਰ-ਪ੍ਰਸਾਰ ਬਾਰੇ ਹੋ ਰਹੇ ਘਟਨਾਕ੍ਰਮ ਬਾਰੇ ਚਰਚਾ ਕੀਤੀ। ਇਹ ਸਲਾਹ-ਮਸ਼ਵਰੇ ਭਾਰਤ-ਯੂਰਪੀ ਸੰਘ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ 2025 ਤੱਕ ਰੂਪਰੇਖਾ ਤਹਿਤ ਗੱਲਬਾਤ ਦੀ ਵਿਧੀ ਦਾ ਹਿੱਸਾ ਹਨ।

ਨਵੀਂ ਦਿੱਲੀ
10 ਫਰਵਰੀ, 2022

DISCLAIMER: This is an approximate translation. The original is available in English on MEA's website and may be referred to as the official press release.